# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ : 0172-5043244

ਵੱਲ :

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਪੰਜਾਬ।
2. ਸਮੂਹ ਸਰਕਾਰੀ ਹਾਈ/ਸੀਨੀ. ਸੈਕੰ. ਸਕੂਲਾਂ ਦੇ ਮੁੱਖੀ
   (ਵੈਬਸਾਈਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਰਮਸਅ/2010/**R055025**
ਮਿਤੀ, ਚੰਡੀਗੜ੍ਹ : 04-11-2010

ਵਿਸ਼ਾ : **ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਤਹਿਤ 10ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਟੂਰ ਤੇ ਲੈ ਜਾਣ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਸਾਲ 2010-11 ਦੇ ਆਰ.ਐਮ.ਐਸ.ਏ. ਪ੍ਰੋਗਰਾਮ ਤਹਿਤ ਦਸਵੀਂ ਜਮਾਤ ਦੇ ਸਮੂਹ ਵਿਦਿਆਰਥੀਆਂ ਨੂੰ ਸਮੂਹ ਥਾਵਾਂ ਤੇ ਵਿੱਦਿਅਕ ਟੂਰ ਲਈ ਰਾਜ ਸਰਕਾਰ ਦਾ ਪਲਾਨ ਪ੍ਰਵਾਨ ਕੀਤਾ ਹੈ (ਭਾਵੇਂ ਕਿ ਲਿਖਤੀ ਕਾਰਵਾਈ ਦੀ ਕਾਪੀ ਅਜੇ ਪ੍ਰਾਪਤ ਹੋਣੀ ਬਾਕੀ ਹੈ।) ਇਸ ਦੇ ਮੁਤਾਬਿਕ ਦਸਵੀਂ ਜਮਾਤ ਵਿੱਚ ਪੜ੍ਹਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਕਿਸੀ ਐਜੂਕੇਸ਼ਨ ਟੂਰ ਤੇ ਲੈ ਕੇ ਜਾਣ ਲਈ 200/- ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਮਨਜ਼ੂਰ ਕੀਤੇ ਹਨ। ਇਸ ਸੰਬੰਧ ਵਿੱਚ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਸੰਬੰਧਤ ਸਕੂਲ ਮੁੱਖੀਆਂ ਵੱਲੋਂ ਲੋੜੀਂਦੀ ਕਾਰਵਾਈ ਕਰਨ ਦੀ ਹੁਣ ਤੋਂ ਹੀ ਲੋੜ ਹੈ ਤਾਂ ਜੋ ਵਧੀਆ ਤਰੀਕੇ ਨਾਲ ਸਾਰੇ ਕੰਮ ਨੂੰ ਪਹਿਲਾਂ ਬਣਾਏ ਪਲਾਨ ਅਨੁਸਾਰ ਐਕਸੀਕਿਊਟ ਕੀਤਾ ਜਾ ਸਕੇ। ਇਸ ਅਨੁਸਾਰ ਹਰ ਸਕੂਲ ਲਈ ਮਿਤੀ ਅਤੇ ਥਾਂ ਨਿਯਤ ਕਰਨ ਦੀ ਲੋੜ ਹੈ ਤਾਂ ਜੋ ਵਿਦਿਆਰਥੀਆਂ ਨੂੰ ਕਿਸੀ ਤਰ੍ਹਾਂ ਦੀ ਦਿੱਕਤ ਨਾ ਆਵੇ। ਇਸ ਵਿੱਦਿਅਕ ਟੂਰ ਲਈ ਪ੍ਰਤੀ ਵਿਦਿਆਰਥੀ 200/- ਰੁਪਏ ਮਨਜ਼ੂਰ ਕੀਤਾ ਜਾਵੇਗਾ ਜਿਸ ਦੀ ਹੇਠਾਂ ਲਿਖੇ ਅਨੁਸਾਰ ਵੰਡ ਕੀਤੀ ਜਾਂਦੀ ਹੈ ਪ੍ਰੰਤੂ ਸੰਬੰਧਤ ਸਕੂਲ ਮੁੱਖੀ ਜਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਆਪਣੀ ਲੋੜ ਮੁਤਾਬਿਕ ਇਸ ਵਿੱਚ ਥੋੜ੍ਹੀ ਬਹੁਤ ਤਬਦੀਲੀ ਕਰ ਸਕਦੇ ਹਨ:-

| ਲੜੀ ਨੰ: | ਕੰਪੋਨੈਂਟ | ਪ੍ਰਵਾਨਿਤ ਖਰਚਾ | ਵਿਸ਼ੇਸ਼ ਕਥਨ |
|---|---|---|---|
| 1. | ਟਰਾਂਸਪੋਰਟੇਸ਼ਨ ਅਤੇ ਵੇਖਣ ਯੋਗ ਸਥਾਨ ਦੇ ਦਾਖਲੇ ਲਈ ਟਿਕਟ (ਜੇਕਰ ਹੋਵੇ ਤਾਂ) ਦਾ ਖਰਚ | ਵੱਧ ਤੋਂ ਵੱਧ ਰੁ. 150/- ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ | ਜੇਕਰ ਕੋਈ ਰਾਸ਼ੀ ਬਕਾਇਆ ਬਚਦੀ ਹੈ ਤਾਂ ਇਸ ਨੂੰ ਵਿਦਿਆਰਥੀਆਂ ਦੀ ਰਿਫਰੈਸ਼ਮੈਂਟ ਵਿੱਚ ਅਨੁਕੂਲਿਤ ਵਾਧਾ ਕਰ ਦਿੱਤਾ ਜਾਵੇ। |
| 2. | ਵਿਦਿਆਰਥੀਆਂ ਦੇ ਖਾਣੇ/ਰਿਫਰੈਸ਼ਮੈਂਟ ਦਾ ਖਰਚ | ਘੱਟੋ-ਘੱਟ ਰੁ.50/- ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ। | ਫੰਡਾਂ ਦੀ ਉਪਲਬਧਤਾ ਦੇ ਆਧਾਰ ਤੇ ਖਾਣਾ/ਰਿਫਰੈਸਮੈਂਟ ਦਾ ਖਰਚਾ ਲੋੜ ਅਨੁਸਾਰ ਵਧਾਇਆ ਜਾ ਸਕਦਾ ਹੈ। |

3.0 ਸੰਬੰਧਤ ਜ਼ਿਲ੍ਹੇ ਦੇ ਸਾਰੇ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਵੇਖਣ ਯੋਗ ਸਥਾਨਾਂ ਤੇ ਵਿੱਦਿਅਕ ਟੂਰ ਲੈ ਕੇ ਜਾਣ ਦੀ ਤਜਵੀਜ਼ ਹੇਠ ਲਿਖੇ ਅਨੁਸਾਰ ਸੁਝਾਈ ਜਾਂਦੀ ਹੈ:-

| **ਲੜੀ ਨੰ** | **ਵਿੱਦਿਅਕ ਟੂਰ ਲਈ ਵੇਖਣਯੋਗ ਤਜਵੀਜਤ ਸਥਾਨ** | **ਜਿਲ੍ਹਾ** | **ਵਿਸ਼ੇਸ਼ ਕਥਨ** |
|---|---|---|---|
| 2.1 | **ਸਾਇੰਸ ਸਿਟੀ, ਕਪੂਰਥਲਾ** | ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਕਪੂਰਥਲਾ ਅਤੇ ਤਰਨ ਤਾਰਨ | ਸਕੂਲ ਵੱਲੋਂ ਸਮੇਂ ਦੀ ਉਪਲਬਧਤਾ ਦੇ ਹਿਸਾਬ ਨਾਲ ਆਪਣੇ ਜਿਲੇ ਦੇ ਸਾਹਮਣੇ ਦਰਸਾਏ ਵੇਖਣਯੋਗ ਸਥਾਨਾਂ ਵਿਚੋਂ ਆਪਣੇ ਪੱਧਰ ਤੇ ਯੋਜਨਾਬੰਦੀ ਕਰਕੇ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਤੋਂ ਪ੍ਰਵਾਨਗੀ ਲੈ ਲਈ ਜਾਵੇਗੀ। |
| 2.2 | (ੳ) **ਥਰਮਲ ਪਲਾਂਟ, ਬਠਿੰਡਾ**<br>(ਅ) **ਨੈਸ਼ਨਲ ਫਰਟੀਲਾਈਜਰ ਕੰਪਨੀ, ਬਠਿੰਡਾ**<br>(ੲ) **ਗੁਰੁਦੁਆਰਾ ਸ਼੍ਰੀ ਦਮਦਮਾ ਸਾਹਿਬ** | ਬਠਿੰਡਾ, ਬਰਨਾਲਾ, ਮਾਨਸਾ, ਮੁਕਤਸਰ | |
| 2.3 | (ੳ) **ਰੌਕ ਗਾਰਡਨ ਚੰਡੀਗੜ੍ਹ**<br>(ਅ) **ਆਰਟ ਗੈਲਰੀ, ਸੈਕਟਰ - 10, ਚੰਡੀਗੜ੍ਹ**<br>(ੲ) **ਪੰਜਾਬ ਯੂਨਿਵਰਸਿਟੀ, ਚੰਡੀਗੜ੍ਹ**<br>(ਸ) **ਛੱਤਬੀੜ ਚਿੜੀਆਘਰ, ਬਨੂੜ** | ਰੋਪੜ, ਫਤਹਿਗੜ੍ਹ ਸਾਹਿਬ, ਪਟਿਆਲਾ, ਮੋਹਾਲੀ, ਸੰਗਰੂਰ | |
| 2.4 | (ੳ) **ਜੱਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ**<br>(ਅ) **ਵਾਹਗਾ ਬਾਰਡਰ, ਅੰਮ੍ਰਿਤਸਰ**<br>(ੲ) **ਗੁਰੁਦੁਆਰਾ ਸ਼੍ਰੀ ਹਰਿਮੰਦਰ ਸਾਹਿਬ**<br>(ਸ) **ਸ਼੍ਰੀ ਦੁਰਗਿਆਨਾ ਮੰਦਿਰ** | ਗੁਰਦਾਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਫਿਰੋਜਪੁਰ, ਫਰੀਦਕੋਟ, ਮੋਗਾ | |
| **ਨੋਟ :** | **ਉਕਤ ਤੋਂ ਇਲਾਵਾ ਸਕੂਲਾਂ ਵਲੋਂ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦੀ ਸਹਿਮਤੀ ਅਨੁਸਾਰ ਕਿਸੇ ਹੋਰ ਵਿਸ਼ੇਸ਼ ਵੇਖਣਯੋਗ ਸਥਾਨ ਜਿਵੇਂ ਕਿ ਭਾਖੜਾ ਨੰਗਲ ਡੈਮ, ਕੋਈ ਇੰਡਸਟਰੀ ਵਿਖੇ ਵੀ ਲਿਜਾਇਆ ਜਾ ਸਕਦਾ ਹੈ ਪਰੰਤੂ ਇਸ ਦੀ ਪ੍ਰਵਾਨਗੀ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਤੋਂ ਲਈ ਜਾਣੀ ਜ਼ਰੂਰੀ ਹੈ।** | | |

4.0 ਸਕੂਲੀ ਵਿਦਿਆਰਥੀਆਂ ਨੂੰ ਵਿੱਦਿਅਕ ਟੂਰ ਤੇ ਲੈ ਕੇ ਜਾਣ ਲਈ ਮਿਤੀਆਂ 15 ਨਵੰਬਰ 2010 ਤੋਂ 15 ਦਸੰਬਰ 2010 ਤੱਕ ਨਿਰਧਾਰਤ ਕੀਤੀਆਂ ਜਾਣ।

5.0 ਸਕੂਲਾਂ ਵੱਲੋਂ ਲੋੜੀਂਦੀ ਯੋਜਨਾਬੰਦੀ ਕਰਕੇ ਸੰਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਨੂੰ ਮਿਤੀ 10.11.2010 ਤੱਕ ਅਤੇ ਸੰਬੰਧਤ ਜ਼ਿਲ੍ਹੇ ਦੇ ਸਾਰੇ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਵਿੱਦਿਅਕ ਟੂਰ ਦੀ ਪਲਾਨਿੰਗ ਕਰਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਵੱਲੋਂ ਸੂਚਨਾ ਹੇਠ ਲਿਖੇ ਪ੍ਰੋਫਾਰਮੇ ਅਨੁਸਾਰ ਹਰ ਹਾਲਾਤ ਵਿੱਚ ਇਸ ਦਫ਼ਤਰ ਨੂੰ ਮਿਤੀ 15.11.2010 ਤੱਕ ਭੇਜੀ ਜਾਵੇ:-

| ਜ਼ਿਲ੍ਹੇ ਦੇ ਨਾਂ: | | | | | |
|---|---|---|---|---|---|
| ਲੜੀ ਨੰ: | ਸਕੂਲ ਦਾ ਨਾਂ | ਵਿੱਦਿਅਕ ਟੂਰ ਲਈ ਤਜਵੀਜ਼ਤ ਸਥਾਨ | ਵਿਦਿਆਰਥੀਆਂ ਦੀ ਗਿਣਤੀ | ਮਿਤੀ | ਵਿਸ਼ੇਸ਼ ਕਥਨ (ਜੇ ਕੋਈ ਹੋਵੇ) |
| | | | | | |

6.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ
ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ